ਰੋਅਰ 4 ਚੇਂਜ ਨੇ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਦੇ ਲਾਂਚ ਲਈ 22 ਜੂਨ ਅਤੇ 23 ਜੂਨ, 2024 ਨੂੰ ਡੱਲਾਸ ਵਿੱਚ ਪਹਿਲੀ ਵਰਲਡ ਪੰਜਾਬੀ ਕਾਨਫਰੰਸ ਆਯੋਜਿਤ ਕਰਨ ਦਾ ਫੈਸਲਾ

Roar 4 Change

*Life = Giving = Happiness*

ਪ੍ਰੈੱਸ ਨੋਟ: 19 ਅਪ੍ਰੈਲ, 2023

ਗੈਰ ਲਾਭਕਾਰੀ ਸੰਸਥਾ ਰੋਅਰ 4 ਚੇਂਜ ਨੇ ਜੂਨ 22 ਅਤੇ 23, 2023 ਨੂੰ ਅਮਰੀਕਾ ਦੇ ਡੱਲਾਸ ਵਿੱਚ ਆਪਣੀ ਪਹਿਲੀ ਕਾਨਫਰੰਸ ਆਯੋਜਿਤ ਕਰਨ ਦਾ ਐਲਾਨ ਕੀਤਾ ਹੈ। ਕਾਨਫਰੰਸ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਲਾਂਚ ਕਰਨ ਲਈ ਵਿਸ਼ਵ ਭਰ ਦੇ ਪੰਜਾਬੀ ਵਿਦਵਾਨਾਂ ਨੂੰ ਇਕੱਠਾ ਕਰਨਾ ਹੈ।ਇਸ ਨਵੇਂ ਅਵਸਰ ਤੇ ਜਗਤ ਪੰਜਾਬੀ ਸਭਾ, ਓਂਟਾਰੀਓ ਫਰੈਂਡਸ ਕਲੱਬ ਆਫ ਕੈਨੇਡਾ ਅਤੇ ਪੰਜਾਬੀ ਕਲਚਰਲ ਐਂਡ ਵੈਲਫੇਅਰ ਐਸੋਸੀਏਸ਼ਨ (ਪੀ ਸੀ ਡਬਲਿਊ ਏ) ਦੀ ਸਹਿਮਤੀ ਹਾਸਲ ਹੋਈ ਹੈ।ਕਾਨਫਰੰਸ ਪੰਜਾਬੀਆਂ ਨੂੰ ਦੁਨੀਆ ਅਤੇ ਭਾਰਤ ਵਿੱਚ ਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਨਵੀਨਤਮ ਵਿਚਾਰਾਂ ਦੇ ਆਦਾਨ ਪ੍ਰਦਾਨ ਲਈ ਇੱਕ ਮੰਚ ਮੁਹੱਈਆ ਕਰਵਾਉਣ ਦਾ ਜ਼ਰੀਆ ਬਣੇਗੀ।

ਦੋ ਦਿਨ ਦੀ ਕਾਨਫਰੰਸ ਵਿੱਚ ਪੰਜਾਬੀ ਡਾਇਆਸਪੋਰਾ ਦੀ ਪਹੁੰਚ ਨੂੰ ਵਧਾਉਣ ਅਤੇ ਫੈਲਾਉਣ ਦੇ ਯਤਨਾਂ ਦੀ ਚਰਚਾ ਦੇ ਨਾਲ ਨਾਲ ਹੋਰ ਵੀ ਵੱਖ ਵੱਖ ਵਿਸ਼ਿਆਂ ਤੇ ਸੈਸ਼ਨ ਹੋਣਗੇ ਜਿਵੇਂ ਕਿ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਦਾ ਪ੍ਰਸਾਰ। ਵਿਸ਼ਵ ਭਰ ਤੋਂ ਪ੍ਰਸਿੱਧ ਵਿਦਵਾਨ ਜਿਹਨਾਂ ਵਿੱਚ ਸੋਧਕਾਰ ਅਤੇ ਆਪਣੇ ਖੇਤਰਾਂ ਦੇ ਮਹਾਨ ਗਿਆਨੀ ਇਸ ਕਾਨਫਰੰਸ ਵਿੱਚ ਸ਼ਾਮਲ ਹੋਣਗੇ ਜੋ ਆਪਣੇ ਤਜਰਬਿਆਂ ਅਤੇ ਦੂਰਅੰਦੇਸ਼ੀਆਂ ਨੂੰ ਸਾਂਝਾ ਕਰਨਗੇ।

ਰੋਅਰ 4 ਚੇਂਜ ਦੇ ਮੁੱਖ ਪ੍ਰਬੰਧਕ ਸ. ਬਲਜੀਤ ਸਿੰਘ ਨੇ ਇਸ ਕਾਨਫਰੰਸ ਲਈ ਆਪਣਾ ਉਤਸ਼ਾਹ ਦਿਖਾਉਂਦਿਆਂ ਕਿਹਾ, "ਕਿ ਅਸੀਂ ਪੰਜਾਬੀਆਂ ਨੂੰ ਭਾਰਤ ਅਤੇ ਦੁਨੀਆ ਵਿੱਚ ਪੇਸ਼ ਚੁਣੌਤੀਆਂ ਤੇ ਵਿਚਾਰ ਕਰਨ ਲਈ ਵਿਸ਼ਵ ਭਰ ਦੇ ਉਦਯੋਗ, ਸਿੱਖਿਆ ਅਤੇ ਅੰਤਰਰਾਸ਼ਟਰੀ ਵਿਦਵਾਨਾਂ ਨੂੰ ਇਕੱਠੇ ਕਰਨ ਦਾ ਯਤਨ ਕਰ ਰਹੇ ਹਾਂ।"

ਇਸ ਕਾਨਫਰੰਸ ਵਿੱਚ ਪੰਜਾਬੀ ਭਾਈਚਾਰੇ ਦੇ ਨਾਲ ਨਾਲ ਵਿਸ਼ਵ ਭਰ ਤੋਂ ਨੇਤਾ, ਸਿੱਖਿਆਰਥੀ, ਖੋਜੀ ਅਤੇ ਪੇਸ਼ੇਵਰਾਂ ਦੇ ਆਉਣ ਦੀ ਸੰਭਾਵਨਾ ਹੈ।ਇਹ ਕਾਰਜ ਇੱਕ ਮੀਲ ਪੱਥਰ ਹੈ ਜਿਸਦਾ ਉਦੇਸ਼ ਪੰਜਾਬੀ ਭਾਈਚਾਰੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਮਾਨਣ ਅਤੇ ਵਿੱਦਿਅਕ ਅਤੇ ਬੌਧਿਕ ਵਾਰਤਾਲਾਪ ਉਸਾਰਨ ਲਈ ਇੱਕ ਮੰਚ ਪ੍ਰਦਾਨ ਕਰਨਾ ਹੈ।

ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਦੇ ਸੰਸਥਾਪਕ ਮੈਂਬਰ ਸ. ਸ਼ਿਵਿੰਦਰ ਸਿੰਘ ਗਿੱਲ ਨੇ ਵੀ ਇਸ ਮੌਕੇ ਉਤਸ਼ਾਹਿਤ ਹੋ ਕੇ ਕਿਹਾ ਹੈ, "ਅਸੀਂ ਡੱਲਾਸ ਵਿੱਚ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਦੀ ਸਥਾਪਨਾ ਮੌਕੇ ਦੁਨੀਆ ਭਰ ਦੇ ਪੰਜਾਬੀਆਂ ਦੇ ਆਉਣ ਦੀ ਉਮੀਦ ਕਰਦੇ ਹਾਂ।"

## ਸਹਿਯੋਗੀਆਂ ਦੇ ਵਿਚਾਰ:

ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ. ਅਜੈਬ ਸਿੰਘ ਚੱਠਾ ਨੇ ਇਸ ਮਹਾਨ ਸ਼ੁਰੂਆਤ ਤੇ ਆਪਣੇ ਮਾਣ ਦਾ ਇਜ਼ਹਾਰ ਕਰਦਿਆਂ ਕਿਹਾ, “ਸਾਡੇ ਸਾਰੇ ਪੰਜਾਬੀਆਂ ਲਈ ਇਹ ਇੱਕ ਮਾਣ ਵਾਲਾ ਸਮਾਂ ਹੈ ਜਦੋਂ ਇੱਕ ਅਜਿਹਾ ਉੱਦਮ ਕੀਤਾ ਜਾ ਰਿਹਾ ਹੈ। ਸ. ਸਰਦੂਲ ਸਿੰਘ ਥਿਆੜਾ ਅਤੇ ਮੈਂ ਇਸ ਯਤਨ ਦਾ ਪੂਰਾ ਸਹਿਯੋਗ ਕਰਾਂਗੇ ਅਤੇ ਕੈਨੇਡਾ ਦੇ ਮਹਾਨ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਇਸ ਕਾਨਫਰੰਸ ਲਈ ਇਕੱਠੇ ਕਰਾਂਗੇ।”

ਪੰਜਾਬੀ ਕਲਚਰ ਅਤੇ ਸੁਧਾਰ ਸੰਸਥਾ ਦੇ ਪ੍ਰਧਾਨ ਸ੍ਰੀ ਕਮਲ ਸ਼ਰਮਾ ਨੇ ਵੀ ਅਮਰੀਕਾ ਵਿੱਚ ਡੱਲਾਸ ਵਿੱਚ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਬਣਾਉਣ ਦੇ ਪੰਜਾਬੀਆਂ ਦੇ ਇਸ ਉਪਰਾਲੇ ਤੇ ਆਪਣਾ ਮਾਣ ਦਿਖਾਇਆ ਹੈ, “ਅਸੀਂ ਇਸ ਉਪਰਾਲੇ ਤੇ ਮਾਣ ਮਹਿਸੂਸ ਕਰਦੇ ਹਾਂ। ਸ.ਗੁਰਬਖਸ਼ ਸਿੰਘ(ਰਿਟਾ. ਲੈਫਟੀਨੈਂਟ ਕਮਾਂਡਰ) ਜੋ ਕਿ PCWS ਦੇ ਚੇਅਰਮੈਨ ਹਨ, ਅਤੇ ਸਾਰੇ ਕਮੇਟੀ ਮੈਂਬਰ ਇਸ ਯਤਨ ਦਾ ਪੂਰਾ ਸਹਿਯੋਗ ਕਰਦੇ ਹਾਂ ਅਤੇ ਇਸ ਵਿੱਚ ਸ਼ਾਮਲ ਹੋਣ ਦਾ ਮਾਣ ਮਹਿਸੂਸ ਕਰਦੇ ਹਾਂ।”

ਸ. ਸੰਤੋਖ ਸਿੰਘ ਸੰਧੂ, ਪ੍ਰਧਾਨ ਓਂਟਾਰੀਓ ਫਰੈਂਡਸ ਕਲੱਬ ਨੇ ਕਾਨਫਰੰਸ ਲਈ ਸੰਸਥਾ ਦੇ ਸਹਿਯੋਗ ਦਾ ਵਾਅਦਾ ਕੀਤਾ ਹੈ ਅਤੇ ਕਿਹਾ, “ਅਸੀਂ ਇੱਕ ਵੱਡੇ ਉੱਦਮ ਤੇ ਮਾਣ ਕਰਦੇ ਹਾਂ ਅਤੇ ਪੰਜਾਬੀਆਂ ਲਈ ਕੀਤੇ ਜਾ ਰਹੇ ਇਸ ਕਾਰਜ ਲਈ ਪੂਰਾ ਸਮਰਥਨ ਦੇਵਾਂਗੇ।”

ਕਾਨਫਰੰਸ ਲਈ ਵਧੇਰੇ ਜਾਣਕਾਰੀ ਲਈ ਸ. ਬਲਜੀਤ ਸਿੰਘ ਰੋਅਰ 4 ਚੇਂਜ ਦੇ ਮੁਖੀ ਨਾਲ ਈ ਮੇਲ ਤੇ ਸੰਪਰਕ ਕੀਤਾ ਜਾ ਸਕਦਾ ਹੈ।

bsingh@roar4change.org

ਰੋਅਰ 4 ਚੇਂਜ ਬਾਰੇ

www.roar4change.org

**Roar4Change ਇੱਕ ਗੈਰ ਮੁਨਾਫਾ ਸੰਸਥਾ ਹੈ ਜੋ ਸੰਸਾਰ ਭਰ ਦੇ ਸਾਰੇ ਭਾਈਚਾਰਿਆਂ ਦੇ ਸਮਾਜਿਕ, ਆਰਥਿਕ ਵਿਕਾਸ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਕੇ ਬਦਲਾਅ ਲਿਆਉਣ ਅਤੇ ਖੁਸ਼ੀ ਸੂਚਨਅੰਕ ਨੂੰ ਵਧਾਉਣ ਲਈ ਸਮਰਪਿਤ ਹੈ।Roar4Change ਆਪਣੀਆਂ ਪਹਿਲਕਦਮੀਆਂ ਰਾਹੀਂ ਭਾਈਚਾਰੇ, ਵਾਤਾਵਰਣ, ਆਫ਼ਤ ਸਹਾਇਤਾ ਪ੍ਰਦਾਨ ਕਰਨ ਤੇ ਕੇਂਦਰਿਤ ਹੈ।**

ਪੰਜਾਬੀ ਕਲਚਰਲ ਅਤੇ ਸੁਧਾਰ ਸੰਸਥਾ

www.pcwanavimunbai.org

ਪੰਜਾਬੀ ਕਲਚਰਲ ਅਤੇ ਸੁਧਾਰ ਸੰਸਥਾ ਮਹਾਰਾਸਟਰ ਦੇ ਬੇਲਾਪੁਰ ਵਿਖੇ ਸਥਿਤ ਇੱਕ ਗੈਰ ਮੁਨਾਫਾ ਸੰਗਠਨ ਹੈ। ਇਸਦਾ ਉਦੇਸ਼ ਸਮਾਜ ਨੂੰ ਉਸਦੀ ਕਾਰਗੁਜ਼ਾਰੀ, ਸਥਿਰਤਾ ਅਤੇ ਸਹਿਯੋਗ ਵਿੱਚ ਮਦਦ ਕਰਕੇ ਪ੍ਰਦਰਸ਼ਨ ਅਤੇ ਪ੍ਰਭਾਵ ਵਧਾਉਣ ਲਈ ਸਹਿਯੋਗ ਕਰਨਾ ਹੈ।

## ਜਗਤ ਪੰਜਾਬੀ ਸਭਾ

ਜਗਤ ਪੰਜਾਬੀ ਸਭਾ ਇੱਕ ਗੈਰ ਮੁਨਾਫਾ ਸੰਗਠਨ ਹੈ ਜਿਸਦਾ ਉਦੇਸ਼ ਪੰਜਾਬੀ ਭਾਸ਼ਾ, ਸੱਭਿਆਚਾਰ, ਅਤੇ ਵਿਰਾਸਤ ਨੂੰ ਸੰਭਾਲਣਾ ਅਤੇ ਇਸਦਾ ਪ੍ਰਸਾਰ ਕਰਨਾ ਹੈ। ਸੰਗਠਨ ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੰਮ ਕਰ ਰਿਹਾ ਹੈ ਅਤੇ ਦੁਨੀਆ ਵਿੱਚ ਅਤੇ ਭਾਰਤ ਵਿੱਚ ਪੰਜਾਬੀ ਭਾਈਚਾਰੇ ਵਿੱਚ ਭਰਵੀਂ ਸ਼ਮੂਲੀਅਤ ਰੱਖਦਾ ਹੈ।ਜਗਤ ਪੰਜਾਬੀ ਸਭਾ ਨਿਯਮਿਤ ਤੌਰ ਤੇ ਪੰਜਾਬੀ ਭਾਈਚਾਰੇ ਦੀ ਅਮੀਰ ਵਿਰਾਸਤ ਦੇ ਪ੍ਰਸਾਰ ਲਈ ਸੱਭਿਆਚਾਰਕ ਅਤੇ ਵਿੱਦਿਅਕ ਆਯੋਜਨ, ਭਾਸ਼ਾ ਅਤੇ ਸੰਗੀਤ ਕਲਾਸਾਂ ਅਤੇ ਹੋਰ ਕਿਰਿਆਵਾਂ ਕਰਵਾਉਂਦੀ ਰਹਿੰਦੀ ਹੈ।

## ਓਂਟਾਰੀਓ ਫਰੈਂਡਸ ਕਲੱਬ

ਓਂਟਾਰੀਓ ਫਰੈਂਡਸ ਕਲੱਬ ਇੱਕ ਗੈਰ ਮੁਨਾਫਾ ਸੰਗਠਨ ਹੈ ਜੋ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਦੇ ਆਪਣੇ ਸੱਭਿਆਚਾਰ, ਸੰਸਕ੍ਰਿਤੀ ਅਤੇ ਸਮਾਜ ਸੁਧਾਰ ਨੂੰ ਵਧਾਉਣ ਦਾ ਉਦੇਸ਼ ਰੱਖਦਾ ਹੈ।ਓਐਫਸੀ ਓਂਟਾਰੀਓ ਚ ਵਸਦੇ ਵੱਖ ਵੱਖ ਭਾਈਚਾਰਿਆਂ ਵਿੱਚ ਆਪਸੀ ਸਮਝ ਅਤੇ ਦੋਸਤੀ ਦੇ ਪ੍ਰਸਾਰ ਲਈ ਸੱਭਿਆਚਾਰ ਪ੍ਰੋਗਰਾਮ, ਵਿੱਦਿਅਕ ਸੈਮੀਨਾਰ ਅਤੇ ਸਮਾਜਿਕ ਗਤੀਵਿਧੀਆਂ ਕਰਵਾਉਂਦਾ ਰਹਿੰਦਾ ਹੈ। ਸੰਸਥਾ ਵੱਖ ਵੱਖ ਗਤੀਵਿਧੀਆਂ ਰਾਹੀਂ ਭਾਈਚਾਰੇ ਦੇ ਮੈਂਬਰਾਂ ਦੀ ਜਰੂਰਤ ਵੇਲੇ ਮਦਦ ਕਰਦੀ ਹੈ।

Website : www.roar4change.org

Facebook : Roar 4 Change